# ਖ਼ਾਲਸਾ ਕਾਲਜ ਵਿਖੇ ਐੱਮ. ਫ਼ਿਲ. ਪੰਜਾਬੀ ਲਈ ਦਾਖਲਾ ਟੈਸਟ 25 ਨਵੰਬਰ ਨੂੰ

ਅੰਮ੍ਰਿਤਸਰ – ਇਤਿਹਾਸਕ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਵਿਚ ਸੈਸ਼ਨ 2020-21 ਲਈ ਐਮ. ਫ਼ਿਲ. ਪੰਜਾਬੀ ਵਾਸਤੇ ਦਾਖਲਾ ਟੈਸਟ 25 ਨਵੰਬਰ ਨੂੰ ਸਵੇਰੇ ਦਸ ਵਜੇ ਲਿਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਦੱਸਿਆ ਕਿ ਐਮ. ਫ਼ਿਲ. ਪੰਜਾਬੀ ਕਰਨ ਦੇ ਚਾਹਵਾਨ ਵਿਦਿਆਰਥੀਆਂ ਲਈ ਇਹ ਆਖਰੀ ਮੌਕਾ ਹੈ। ਐੱਮ. ਫਿਲ. ਪੰਜਾਬੀ ਕੋਰਸ ਵਿਚ ਪੰਜ ਸੀਟਾਂ ਖਾਲੀ ਹਨ ਜਿੰਨਾਂ ਲਈ 25 ਤਾਰੀਕ ਨੂੰ ਦੋਬਾਰਾ ਟੈਸਟ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਐਮ. ਫ਼ਿਲ. ਦੌਰਾਨ ਤਿੰਨ ਸਮੈਸਟਰਾਂ ਵਿਚ ਵਿਦਿਆਰਥੀ ਜਿੱਥੇ ਆਪਣੇ ਵਿਸ਼ੇ ਬਾਰੇ ਗਹਿਰਾਈ ਨਾਲ ਜਾਣਦਾ ਹੈ ਉਥੇ ਉਹ ਖੋਜ ਵਿਧੀ ਤੋਂ ਜਾਣੂ ਹੋ ਕੇ ਖੋਜ ਖੇਤਰ ਵਿਚ ਕਦਮ ਰੱਖਦਾ ਹੈ।

ਪੰਜਾਬੀ ਵਿਭਾਗ ਦੇ ਮੁਖੀ ਡਾ. ਆਤਮ ਸਿੰਘ ਰੰਧਾਵਾ ਨੇ ਦੱਸਿਆ ਕਿ ਖ਼ਾਲਸਾ ਕਾਲਜ ਵਿਖੇ ਐਮ. ਫ਼ਿਲ. ਕਰਨ ਵਾਲੇ ਵਿਦਆਰਥੀਆਂ ਲਈ ਵਿਭਾਗ ਦੀ ਆਪਣੀ ਵੱਖਰੀ ਸ਼ਾਨਦਾਰ ਲਾਇਬ੍ਰੇਰੀ ਹੈ ਜੋ ਵਿਦਿਆਰਥੀਆਂ ਦੇ ਖੋਜ ਕਾਰਜ ਵਿਚ ਸਹਾਇਕ ਬਣਦੀ ਹੈ। ਸਾਡੇ ਕੋਲ 20 ਉੱਚ ਯੋਗਤਾ ਪ੍ਰਾਪਤ (ਐਮ. ਏ., ਪੀਐਚ. ਡੀ.) ਅਧਿਆਪਕ ਹਨ ਅਤੇ ਵਿਭਾਗ ਦਾ ਆਪਣਾ ਛਿਮਾਹੀਂ ਖੋਜ ਰਸਾਲਾ **ਸੰਵਾਦ** ਹੈ ਜਿਸ ਨੂੰ ਯੂ. ਜੀ. ਸੀ. ਵੱਲੋਂ ਮਾਣਤਾ ਮਿਲੀ ਹੋਈ ਹੈ। ਇਸ ਵਿਚ ਪੰਜਾਬੀ ਦੇ ਪ੍ਰਮੁੱਖ ਵਿਦਵਾਨਾਂ ਦੇ ਵੱਖ-ਵੱਖ ਵਿਸ਼ਿਆਂ ਤੇ ਖੋਜ-ਪੱਤਰ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ ਜੋ ਵਿਦਿਆਰਥੀਆਂ ਲਈ ਸਹਾਇਕ ਹੁੰਦੇ ਹਨ। ਉਹਨਾਂ ਦੱਸਿਆ ਕਿ ਐਮ. ਫ਼ਿਲ. ਦੇ ਦਾਖਲਾ ਟੈਸਟ ਲਈ ਚਾਹਵਾਨ ਵਿਦਿਆਰਥੀ 24 ਨਵੰਬਰ ਤੱਕ ਦਾਖਲਾ ਫਾਰਮ ਭਰ ਸਕਦੇ ਹਨ।